## *Extension Activities*

### *Extension Activities done in terms of impact & sensitizing students to social issues and holistic development*

**84. Event: Tree Plantation In Village Biggarwal On 75th Anniversary of Independence by Unit-2 NSS**

**Date: 10-08-2021**



दैनिक सवेरा

# शुद्ध हवा देते हैं वृक्ष: डा. रमनदीप

## एनएसएस विभाग ने बिगड़वाल में रोपे पौधे



सुनाम में गतिविधियों में भाग लेते बच्चे व शिक्षक।

सुनाम ऊधम सिंह वाला, (सुशील): शहीद ऊधम सिंह सरकारी कालेज सुनाम के एन.एस.एस. विभाग की तरफ से आजादी की वर्षगांठ पर करवाई जा रही गतिविधियों की लड़ी के अंतर्गत में प्रिंसीपल/डी.डी.ओ. डा. परमिंदर सिंह की रहनुमाई में गांव बिगड़वाल में पौधे लगाए गए। एन.एस.एस. प्रोग्राम अफसर डा. रमनदीप कौर ने वालंटियर्स और गांव वासियों को जानकारी दी कि जहां वृक्ष हमें आक्सीजन और खुराक देते हैं, वहीं बारिश के पानी को धरती में समायोजित करने का काम भी करते हैं। वृक्षों की लगातार कटाई से धरती का तापमान लगातार अधिक रहा है। जिसके कारण ग्लेशियर पिघल रहे हैं। समुद्रों के पानी का स्तर अधिक हो रहा है। बाढ़, सूखे, तूफान, भूचाल जैसी कुदरती आफतों ने जन-जीवन को तहस-नहस कर दिया है। उन्होंने बताया कि हमें अधिक से अधिक वृक्ष लगाने साथ-साथ, लगे हुए वृक्षों की संभाल की तरफ भी विशेष ध्यान देना चाहिए। पानी के खत्म हो रहे स्त्रोतों को बचाने के लिए प्रयास करने चाहिए। घरों, खेतों, अलग-अलग प्राइवेट और सरकारी अदारों में बारिश के पानी की संभाल करने के लिए कदम उठाने चाहिए। इस मौके पर ऊधम सिंह प्रधान गुरुद्वारा प्रबंधक समिति चट्ठे नकटे, अजीत सिंह नंबरदार, सतवीर सिंह सरपंच, रघबीर सिंह आदि उपस्थित थे।

दैनिक सवेरा Wed, 11 August 2021 epaper.dainiksaveratimes.org/c/6:

# ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਤਹਿਤ ਲਗਾਏ ਰੁੱਖ




ਸੁਨਾਮ ਊਧਮ ਸਿੰਘ ਵਾਲਾ, 10 ਅਗਸਤ (ਰਾਉਵਰਿੰਦਰ ਸਿੰਘ ਮਠਾੜੂ/ ਮੋਹਣ ਸ਼ਰਮਾ): ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਦੇ ਐਨ.ਐਸ.ਐਸ. ਵਿਭਾਗ ਵੱਲੋਂ ਆਜ਼ਾਦੀ ਦੀ 75ਵੀਂ ਵਰੇਗੰਢ ਮੌਕੇ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਦੀ ਲੜੀ ਤਹਿਤ ਵਿਖੇ ਪ੍ਰਿੰਸੀਪਲ/ਡੀ.ਡੀ.ਓ ਡਾ. ਪਰਮਿੰਦਰ ਸਿੰਘ ਦੀ ਰਹਿਨੁਮਾਈ ਹੇਠ ਪਿੰਡ ਬਿਘੜਵਾਲ ਵਿਖੇ ਰੁੱਖ ਲਗਾਏ ਗਏ। ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਡਾ. ਰਮਨਦੀਪ ਕੌਰ ਨੇ ਵਲੰਟੀਅਰਜ਼ ਤੇ ਪਿੰਡ ਵਾਸੀਆਂ ਨੂੰ ਜਾਣਕਾਰੀ ਦਿੱਤੀ ਕਿ ਜਿੱਥੇ ਰੁੱਖ ਸਾਨੂੰ ਆਕਸੀਜਨ ਤੇ ਖ਼ੁਰਾਕ ਦਿੰਦੇ ਹਨ, ਉੱਥੇ ਮੀਂਹ ਦੇ ਪਾਣੀ ਨੂੰ ਧਰਤੀ 'ਚ ਜਜ਼ਬ ਕਰਨ ਦਾ ਕੰਮ ਵੀ ਕਰਦੇ ਹਨ। ਰੁੱਖਾਂ ਦੀ ਲਗਾਤਾਰ ਕਟਾਈ ਨਾਲ ਧਰਤੀ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਜਿਸ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ। ਸਮੁੰਦਰਾਂ ਦੇ ਪਾਣੀ ਦਾ ਸੱਤਰ ਵੱਧ ਰਿਹਾ ਹੈ। ਹੜ੍ਹ, ਸੋਕੇ, ਤੂਫ਼ਾਨ, ਭੂਚਾਲ ਵਰਗੀਆਂ ਕੁਦਰਤੀ ਆਫ਼ਤਾਂ ਨੇ ਜਨ-ਜੀਵਨ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਉਨ੍ਹਾਂ ਨੇ ਦੱਸਿਆ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦੇ ਨਾਲ-ਨਾਲ, ਲੱਗੇ ਹੋਏ ਰੁੱਖਾਂ ਦੀ ਸੰਭਾਲ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਪਾਣੀ ਦੇ ਖ਼ਤਮ ਹੋ ਰਹੇ ਸੋਮਿਆਂ ਨੂੰ ਬਚਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਘਰਾਂ, ਖੇਤਾਂ, ਵੱਖ-ਵੱਖ ਪ੍ਰਾਈਵੇਟ ਤੇ ਸਰਕਾਰੀ ਅਦਾਰਿਆਂ 'ਚ ਮੀਂਹ ਦੇ ਪਾਣੀ ਦੀ ਸੰਭਾਲ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਇਸ ਮੌਕੇ ਊਧਮ ਸਿੰਘ, ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਚੱਠੇ-ਨਕਟੇ ਅਜੀਤ ਸਿੰਘ ਨੰਬਰਦਾਰ ਸਤਵੀਰ ਸਿੰਘ ਸਰਪੰਚ, ਪ੍ਰਾਇਮਰੀ ਤੇ ਮਿਡਲ ਸਕੂਲ ਬਿਘੜਵਾਲ ਦਾ ਸਟਾਫ ਤੇ ਰਘਬੀਰ ਸਿੰਘ ਆਦਿ ਹਾਜ਼ਰ ਸਨ।

# ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਤਹਿਤ ਪਿੰਡ ਬਿਗੜਵਾਲ ਵਿਖੇ ਰੁੱਖ ਲਗਾਏ ਗਏ




ਸੁਨਾਮ ਸ਼ਹੀਦ ਊਧਮ ਸਿੰਘ ਵਾਲਾ, 10 ਅਗਸਤ (ਦਿਗਵਿਜੇ ਅਰੁਣ ਕਲਿਆਣ) : ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਦੇ ਐਨ.ਐਸ.ਐਸ ਵਿਭਾਗ ਵੱਲੋਂ ਆਜ਼ਾਦੀ ਦੀ 75ਵੀਂ ਵਰੇਗੰਢ ਮੌਕੇ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਦੀ ਲੜੀ ਤਹਿਤ ਵਿਖੇ ਪ੍ਰਿੰਸੀਪਲ/ਡੀ.ਡੀ.ਓ ਡਾ.ਪਰਮਿੰਦਰ ਸਿੰਘ ਜੀ ਦੀ ਰਹਿਨੁਮਾਈ ਹੇਠ ਪਿੰਡ ਬਿਗੜਵਾਲ ਵਿਖੇ ਰੁੱਖ ਲਗਾਏ ਗਏ। ਐਨ.ਐਸ.ਐਸ ਪ੍ਰੋਗਰਾਮ ਅਫ਼ਸਰ ਡਾ.ਰਮਨਦੀਪ ਕੌਰ ਨੇ ਵਲੰਟੀਅਰਜ਼ ਅਤੇ ਪਿੰਡ ਵਾਸੀਆਂ ਨੂੰ ਜਾਣਕਾਰੀ ਦਿੱਤੀ ਕਿ ਜਿੱਥੇ ਰੁੱਖ ਸਾਨੂੰ ਔਕਸੀਜਨ ਅਤੇ ਖ਼ੁਰਾਕ ਦਿੰਦੇ ਹਨ, ਉੱਥੇ ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਜਜ਼ਬ ਕਰਨ ਦਾ ਕੰਮ ਵੀ ਕਰਦੇ ਹਨ। ਰੁੱਖਾਂ ਦੀ ਲਗਾਤਾਰ ਕਟਾਈ ਨਾਲ ਧਰਤੀ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਜਿਸ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ। ਸਮੁੰਦਰਾਂ ਦੇ ਪਾਣੀ ਦਾ ਸੱਤਰ ਵੱਧ ਰਿਹਾ ਹੈ । ਹੜ੍ਹ , ਸੋਕੇ, ਤੂਫ਼ਾਨ, ਭੂਚਾਲ ਵਰਗੀਆਂ ਕੁਦਰਤੀ ਆਫ਼ਤਾਂ ਨੇ ਜਨ-ਜੀਵਨ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਓਹਨਾਂ ਨੇ ਦੱਸਿਆ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦੇ ਨਾਲ-ਨਾਲ, ਲੱਗੇ ਹੋਏ ਰੁੱਖਾਂ ਦੀ ਸੰਭਾਲ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਪਾਣੀ ਦੇ ਖ਼ਤਮ ਹੋ ਰਹੇ ਸੋਮਿਆਂ ਨੂੰ ਬਚਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਘਰਾਂ, ਖੇਤਾਂ, ਵੱਖ-ਵੱਖ ਪ੍ਰਾਈਵੇਟ ਅਤੇ ਸਰਕਾਰੀ ਅਦਾਰਿਆਂ ਵਿੱਚ ਮੀਂਹ ਦੇ ਪਾਣੀ ਦੀ ਸੰਭਾਲ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਇਸ ਮੌਕੇ ਸ਼੍ਰੀ ਊਧਮ ਸਿੰਘ, ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਚੱਠੇ-ਨਕਟੇ; ਸ਼੍ਰੀ ਅਜੀਤ ਸਿੰਘ ਨੰਬਰਦਾਰ; ਸ਼੍ਰੀ ਸਤਵੀਰ ਸਿੰਘ ਸਰਪੰਚ, ਪ੍ਰਾਇਮਰੀ ਅਤੇ ਮਿਡਲ ਸਕੂਲ ਬਿਗੜਵਾਲ ਦਾ ਸਟਾਫ ਅਤੇ ਸ਼੍ਰੀ ਰਘਬੀਰ ਸਿੰਘ ਆਦਿ ਹਾਜ਼ਰ ਸਨ।